ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਰੈਗੂਲੇਸ਼ਨ ਭਾਗ ਪਟਿਆਲਾ)

ਵੱਲ:

1 ਸਾਰੇ ਮੁੱਖ ਇੰਜ:/ਪੀ.ਐਸ.ਪੀ.ਸੀ.ਐਲ।
2 ਮੁੱਖ ਲੇਖਾ ਅਫਸਰ,ਪੀ.ਐਸ.ਪੀ.ਸੀ.ਐਲ,ਪਟਿਆਲਾ।
3 ਮੁੱਖ ਆਡੀਟਰ, ਪੀ.ਐਸ.ਪੀ.ਸੀ.ਐਲ, ਪਟਿਆਲਾ।
4 ਸਾਰੇ ਵਿਭਾਗਾਂ ਦੇ ਮੁੱਖੀ ਹੈਡ ਆਫਿਸ ਪੀ.ਐਸ.ਪੀ.ਸੀ.ਐਲ।

ਮੀਮੋ ਨੰ:27/2/2822 /
ਮਿਤੀ: 5/4/2013

ਵਿਸ਼ਾ: ਪੀ.ਐਸ.ਪੀ.ਸੀ.ਐਲ ਵਿਖੇ ਪੰਜਾਬ ਸਰਕਾਰ ਨਾਲ ਪੱਤਰ ਵਿਹਾਰ ਲਈ ਸਿਗਲ ਫਾਈਲ ਸਿਸਟਮ ਲਾਗੂ ਕਰਨ ਸਬੰਧੀ।

ਪੀ.ਐਸ.ਪੀ.ਸੀ.ਐਲ, ਵੱਲੋ ਪੰਜਾਬ ਸਰਕਾਰ ਦੇ ਵੱਖ-2 ਵਿਭਾਗਾਂ ਨਾਲ ਪੱਤਰ ਵਿਹਾਰ ਕੀਤਾ ਜਾਂਦਾ ਹੈ ਅਤੇ ਸਰਕਾਰ ਦੀ ਮੰਨਜ਼ੂਰੀ ਲੈਣ ਲਈ ਕੇਸ ਭੇਜੇ ਜਾਂਦੇ ਹਨ। ਇਹ ਕੇਸ ਪੱਤਰਾਂ ਦੇ ਰੂਪ ਵਿਚ ਭੇਜੇ ਜਾਂਦੇ ਹਨ ਅਤੇ ਅਕਸਰ ਪੁਰਾਣੇ ਰੈਫਰੈਂਸ ਲਿੰਕ ਕਰਨ ਵਿਚ ਦਿਕਤ ਆਉਂਦੀ ਹੈ ਜਿਸ ਕਾਰਨ ਕੇਸ ਨਿਪਟਾਉਣ ਵਿਚ ਦੇਰੀ ਵੀ ਹੋ ਜਾਂਦੀ ਹੈ।

ਕਾਰਪੋਰੇਸ਼ਨ ਦੇ ਵੱਖ-ਵੱਖ ਵਿਭਾਗਾਂ, ਜਿਵੇ ਕਿ ਵਿੱਤ ਵਿਭਾਗ, ਭਰਤੀ ਭਾਗ, ਕੇਡਰ ਭਾਗ, ਲੀਗਲ ਸੈਲ, ਥਰਮਲ ਡਿਜਾਇਨਜ , ਪੀ.ਪੀ.ਤੇ ਆਰ, ਪਲਾਨਿੰਗ ਅਤੇ ਵਣਜ ਵਿਭਾਗ ਵੱਲੋਂ ਵੱਖ-2 ਮੁਦਿਆਂ ਤੇ ਸਰਕਾਰ ਦੀ ਮੰਨਜ਼ੂਰੀ ਲੈਣ ਲਈ ਪੱਤਰ ਵਿਹਾਰ ਕਰਨ ਦਾ ਤਰੀਕਾ ਬਦਲ ਕੇ ਸਿਗਲ ਫਾਈਲ ਸਿਸਟਮ ਰਾਹੀਂ ਅਪਣਾਇਆ ਜਾ ਰਿਹਾ ਹੈ।

ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਅੱਗੇ ਤੋ ਪੰਜਾਬ ਸਰਕਾਰ ਤੋ ਸਪਸ਼ਟੀਕਰਨ ਲੈਣ ਲਈ ਪੱਤਰ ਵਿਹਾਰ ਕਰਨ ਦੀ ਥਾਂ ਤੇ ਸਿਗਲ ਫਾਈਲ ਸਿਸਟਮ ਹੀ ਅਪਣਾਇਆ ਜਾਵੇ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

SSingh
ਉਪ ਸਕੱਤਰ/ਪੀ.ਤੇ.ਆਰ,
ਪੀ.ਐਸ.ਪੀ.ਸੀ.ਐਲ,ਪਟਿਆਲਾ।